Submitted by:

Ms. Sukhwinder Kaur
Asstt. Prof. in Punjabi Department

# ਵਿਅੰਜਨ ਧੁਨੀਆਂ ਦੀ ਵਰਤੋਂ ਤੇ ਵਿਆਖਿਆ

ਵਿਅੰਜਨ ਧੁਨੀਆਂ **ਖੰਡੀ ਧੁਨੀਆਂ** ਦਾ ਦੂਸਰਾ ਮਹੱਤਵਪੂਰਨ ਵਰਗ ਹੈ। ਧੁਨੀਆਂ ਦੀ ਭਾਸ਼ਾਈ ਵਰਤੋਂ ਦੇ ਆਧਾਰ ’ਤੇ ਧੁਨੀਆਂ ਨੂੰ ਦੋ ਵਰਗਾਂ ਵਿਚ ਵੰਡਿਆਂ ਜਾਂਦਾ ਹੈ – ਖੰਡੀ ਅਤੇ ਅਖੰਡੀ ਧੁਨੀਆਂ। ਖੰਡੀ ਧੁਨੀਆਂ ਉਹ ਧੁਨੀਆਂ ਜਿਹੜੀਆਂ ਸੁਤੰਤਰ ਤੌਰ ’ਤੇ ਵਿਚਰ ਸਕਦੀਆਂ ਹਨ। ਜਿਹਨਾਂ ਦਾ ਭੌਤਿਕ ਨਿਰੀਖਣ ਸੰਭਵ ਹੁੰਦਾ ਹੈ ਅਰਥਾਤ ਜਿਹਨਾਂ ਨੂੰ ਅੱਡ-ਅੱਡ ਕਰਕੇ ਵੇਖਿਆ ਜਾ ਸਕਦਾ ਹੈ। ਇਹ ਤਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ – ਸਵਰ, ਵਿਅੰਜਨ ਤੇ ਅਰਧ ਸਵਰ ਜਾਂ ਅਰਧ ਵਿਅੰਜਨ।

# ਖੰਡੀ ਧੁਨੀਆਂ

ਸਵਰ

ਵਿਅੰਜਨ

ਅਰਧ ਸਵਰ
ਜਾਂ
ਅਰਧ ਵਿਅੰਜਨ

# ਵਿਅੰਜਨ ਧੁਨੀਆਂ

ਵਿਅੰਜਨ ਧੁਨੀਆਂ ਉਹ ਧੁਨੀਆਂ ਜਿਹਨਾਂ ਦੇ ਉਚਾਰਨ ਵੇਲੇ ਫੇਫੜਿਆਂ ’ਚੋਂ ਬਾਹਰ ਨਿਕਲਣ ਵਾਲੀ ਪੌਣਧਾਰਾ ਨੂੰ ਵੱਖ-ਵੱਖ ਉਚਾਰਨ ਸਥਾਨਾਂ ’ਤੇ ਵੱਖ ਵੱਖ ਉਚਾਰਨ ਅੰਗਾਂ ਦੁਆਰਾ ਪੂਰਨ ਜਾਂ ਅੰਸ਼ਿਕ ਰੋਕ ਲਾਈ ਜਾਂਦੀ ਹੈ। ਅਰਥਾਤ ਵਿਅੰਜਨ ਧੁਨੀਆਂ ਦੇ ਉਚਾਰਨ ਵੇਲੇ ਫੇਫੜਿਆਂ ਵਿਚੋਂ ਬਾਹਰ ਨਿਕਲਦੀ ਪੌਣਧਾਰਾ ਪੂਰਨ ਜਾਂ ਅੰਸ਼ਿਕ ਰੂਪ ਵਿਚ ਰੁਕ ਕੇ ਬਾਹਰ ਆਉਂਦੀ ਹੈ।

# ਵਿਅੰਜਨ ਧੁਨੀਆਂ ਦਾ ਵਰਗੀਕਰਨ

ਵਿਅੰਜਨ ਧੁਨੀਆਂ ਦਾ ਵਰਗੀਕਰਨ ਤਿੰਨ ਅਧਾਰਾਂ ’ਤੇ ਕੀਤਾ ਜਾਂਦਾ ਹੈ:



ਉਚਾਰਨ ਢੰਗ/ਲਹਿਜ਼ਾ

ਉਚਾਰਨ ਸਥਾਨ

ਉਚਾਰਨ ਰੋਕ

| | | ਹੋਂਠੀ | ਦੰਤੀ | ਉਲਟ ਜੀਭੀ | ਤਾਲਵੀ | ਕੋਮਲ ਤਾਲਵੀ | ਸੁਰਯੰਤਰੀ |
|---|---|---|---|---|---|---|---|
| ਡੱਕਵੇਂ | ਅ ਪ<br>ਮ ਪ | ਅ ਸ<br>ਪ ਬ<br>ਫ | ਅ ਸ<br>ਤ ਦ<br>ਥ | ਅ ਸ<br>ਟ ਡ<br>ਠ | ਅ ਸ<br>ਚ ਜ<br>ਛ | ਅ ਸ<br>ਕ ਗ<br>ਖ | |
| ਅਡੱਕਵੇਂ | ਨਾਸਕੀ<br>ਪਾਸਵਿਕ<br>ਕੰਬਵਾਂ<br>ਫਟਕਵਾਂ<br>ਸੰਘਰਸ਼ੀ<br>ਸਪਰਵਾਹ | ਮ<br><br><br><br>ਫ਼<br>ਵ | ਨ<br>ਲ<br>ਰ<br><br>ਸ/ਜ਼ | ਣ<br>ਲ਼<br><br>ੜ | ਞ<br><br><br><br>ਸ਼<br>ਯ | ਙ<br><br><br><br>ਖ਼/ਗ਼ | <br><br><br><br>ਹ |
| | ਸੁਰ ਮਿਲੇ ਵਰਨ | ਭ | ਧ | ਢ | ਝ | ਘ | |

**ਅ** – ਅਘੋਸ਼, **ਸ**– ਸਘੋਸ਼

**ਅ ਪ** – ਅਲਪ ਪ੍ਰਾਣ, **ਮ ਪ** – ਮਹਾਂ ਪ੍ਰਾਣ

ਮੁੱਖ ਤੌਰ 'ਤੇ ਵਿਅੰਜਨਾਂ ਦਾ ਵਰਗੀਕਰਨ ਕਰਦਿਆਂ ਇਹ ਦੇਖਿਆ ਜਾਂਦਾ ਹੈ ਕਿ ਫੇਫੜਿਆਂ ਵਿਚੋਂ ਬਾਹਰ ਨਿਕਲਦੀ ਪੌਣਧਾਰਾ ਵਿਚ ਰੋਕ ਪੂਰਨ ਪੈਂਦੀ ਹੈ ਜਾਂ ਅੰਸ਼ਿਕ। ਉਚਾਰਨ ਰੋਕ ਦੇ ਅਧਾਰ 'ਤੇ ਵਿਅੰਜਨ ਦੋ ਤਰ੍ਹਾਂ ਦੇ ਹੁੰਦੇ ਹਨ:



## (i) ਡੱਕਵੇਂ ਵਿਅੰਜਨ

ਡੱਕਵੇਂ ਵਿਅੰਜਨ ਉਹ ਵਿਅੰਜਨ ਹਨ ਜਿਹਨਾਂ ਦੇ ਉਚਾਰਨ ਵੇਲੇ ਫੇਫੜਿਆਂ ’ਚੋਂ ਬਾਹਰ ਨਿਕਲਦੀ ਪੌਣਧਾਰਾ ਵਿੱਚ ਪੂਰਨ ਰੋਕ ਪਾਈ ਜਾਂਦੀ ਹੈ ਅਰਥਾਤ ਫੇਫੜਿਆਂ ’ਚੋਂ ਬਾਹਰ ਨਿਕਲਦੀ ਪੌਣਧਾਰਾ ਪੂਰਨ ਰੂਪ ਵਿਚ ਰੁਕ ਕੇ ਬਾਹਰ ਆਉਂਦੀ ਹੈ ਜਿਵੇਂ: /ਪ/, /ਫ/, /ਬ/, /ਤ/, /ਥ/, /ਦ/, /ਟ/, /ਠ/, /ਡ/, /ਚ/, /ਛ/, /ਜ/, /ਕ/, /ਖ/, /ਗ/

## (ii) ਅਡੱਕਵੇਂ ਵਿਅੰਜਨ

ਅਡੱਕਵੇਂ ਵਿਅੰਜਨ ਉਹ ਵਿਅੰਜਨ ਹਨ ਜਿਹਨਾਂ ਦੇ ਉਚਾਰਨ ਵੇਲੇ ਫੇਫੜਿਆਂ ’ਚੋਂ ਬਾਹਰ ਨਿਕਲਦੀ ਪੌਣਧਾਰਾ ਅੰਸ਼ਿਕ ਰੋਕ ਪਾਈ ਜਾਂਦੀ ਹੈ ਅਰਥਾਤ ਪੌਣਧਾਰਾ ਅੰਸ਼ਿਕ ਰੂਪ ਵਿਚ ਰੁਕ ਕੇ ਬਾਹਰ ਆਉਂਦੀ ਹੈ ਜਿਵੇਂ: ਨਾਸਕੀ ਵਿਅੰਜਨ, ਪਾਸਵਿਕ/ਪਾਰਸ੍ਵਿਕ ਵਿਅੰਜਨ, ਕੰਬਵੇਂ ਵਿਅੰਜਨ, ਫਟਕਵੇਂ ਵਿਅੰਜਨ, ਸੰਘਰਸ਼ੀ ਵਿਅੰਜਨ।

# ਡੱਕਵੇਂ ਵਿਅੰਜਨ

/ਪ/: ਇਹ ਅਘੋਸ਼, ਅਲਪ ਪ੍ਰਾਣ, ਹੋਂਠੀ ਤੇ ਡੱਕਵਾਂ ਵਿਅੰਜਨ ਹੈ ਕਿਉਂਕਿ ਇਸਦੇ ਉਚਾਰਨ ਸਮੇਂ ਨਾਦ ਯੰਤਰ ਵਿੱਚ ਕੰਪਨ ਨਹੀਂ ਹੈ। ਫੇਫੜਿਆਂ ਵਿੱਚੋਂ ਆਉਣ ਵਾਲੀ ਪੌਣ ਧਾਰਾ ਘੱਟ ਮਾਤਰਾ ਵਿੱਚ ਬਾਹਰ ਨਿਕਲਦੀ ਹੈ ਅਤੇ ਇਸ ਦਾ ਉਚਾਰਨ ਹੋਠਾਂ ਦੇ ਜੁੜਨ ਨਾਲ ਹੁੰਦਾ ਹੈ ਅਤੇ ਪੂਰਨ ਰੋਕ ਹੁੰਦੀ ਹੈ। ਇਸ ਦੀ ਵਰਤੋਂ ਪੰਜਾਬੀ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਪਤਾ | ਸਪਸ਼ਟ | ਸੰਤਾਪ |
| ਪਾਪ | ਪ੍ਰਾਪਤ | ਮਾਪ |

/ਫ/: ਇਹ ਅਘੋਸ਼, ਮਹਾਂ ਪ੍ਰਾਣ, ਹੋਂਠੀ ਤੇ ਡੱਕਵਾਂ ਵਿਅੰਜਨ ਹੈ ਕਿਉਂਕਿ ਇਸਦੇ ਉਚਾਰਨ ਸਮੇਂ ਨਾਦ ਯੰਤਰ ਵਿੱਚ ਕੰਪਨ ਨਹੀਂ ਹੁੰਦੀ ਹੈ ਅਤੇ ਫੇਫੜਿਆਂ ਵਿੱਚੋਂ ਆਉਣ ਵਾਲੀ ਪੌਣਧਾਰਾ ਵੱਧ ਮਾਤਰਾ ਵਿੱਚ ਬਾਹਰ ਨਿਕਲਦੀ ਹੈ ਅਤੇ ਇਸਦਾ ਉਚਾਰਨ ਦੋ ਹੋਠਾਂ ਦੇ ਜੁੜਨ ਨਾਲ ਹੁੰਦਾ ਹੈ ਅਤੇ ਰੋਕ ਪੂਰਨ ਤੌਰ ਤੇ ਹੁੰਦੀ ਹੈ। ਇਸ ਦੀ ਵਰਤੋਂ ਪੰਜਾਬੀ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਫੇਰ | ਫੁੱਫੜ | ਸ਼ਰੀਫ |
| ਫੁਟਕਲ | ਫੁਫੇਸ | ਟੈਲੀਗ੍ਰਾਫ |

/ਬ/: ਇਹ ਸਘੋਸ਼, ਅਲਪ ਪ੍ਰਾਣ, ਹੋਂਠੀ ਤੇ ਡੱਕਵਾਂ ਵਿਅੰਜਨ ਹੈ ਕਿਉਂਕਿ ਇਸਦੇ ਉਚਾਰਨ ਸਮੇਂ ਨਾਦ ਯੰਤਰ ਵਿੱਚ ਕੰਪਨ ਹੁੰਦੀ ਹੈ ਅਤੇ ਫੇਫੜਿਆਂ ਵਿੱਚੋਂ ਆਉਣ ਵਾਲੀ ਪੌਣਧਾਰਾ ਘੱਟ ਮਾਤਰਾ ਵਿੱਚ ਬਾਹਰ ਨਿਕਲਦੀ ਹੈ ਅਤੇ ਇਸਦਾ ਉਚਾਰਨ ਹੋਠਾਂ ਦੇ ਜੁੜਨ ਨਾਲ ਹੁੰਦਾ ਹੈ ਅਤੇ ਰੋਕ ਪੂਰਨ ਤੌਰ ’ਤੇ ਹੁੰਦੀ ਹੈ। ਇਸ ਦੀ ਵਰਤੋਂ ਪੰਜਾਬੀ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
| --- | --- | --- |
| ਬਦਲ | ਸਬਕ | ਖ਼ਰਾਬ |
| ਬਾਜ਼ | ਰਾਬਤਾ | ਸ਼ਰਾਬ |

/ਤ/: ਇਹ ਅਘੋਸ਼, ਦੰਤੀ, ਅਲਪ ਪ੍ਰਾਣ ਤੇ ਡੱਕਵਾਂ ਵਿਅੰਜਨ ਹੈ ਕਿਉਂਕਿ ਇਸਦੇ ਉਚਾਰਨ ਸਮੇਂ ਨਾਦ ਯੰਤਰ ਵਿੱਚ ਕੰਪਨ ਨਹੀਂ ਹੁੰਦੀ ਹੈ ਅਤੇ ਫੇਫੜਿਆਂ ਵਿੱਚੋਂ ਆਉਣ ਵਾਲੀ ਪੌਣਧਾਰਾ ਘੱਟ ਮਾਤਰਾ ਵਿੱਚ ਬਾਹਰ ਨਿਕਲਦੀ ਹੈ। ਇਸਦੇ ਉਚਾਰਨ ਸਮੇਂ ਜੀਭ ਦੀ ਨੋਕ ਦੰਦਾਂ ਨਾਲ ਜੁੜ ਕੇ ਫੇਫੜਿਆਂ ਵਿੱਚੋਂ ਆਉਂਦੀ ਪੌਣਧਾਰਾ ਵਿੱਚ ਪੂਰਨ ਰੋਕ ਪੈਦਾ ਕਰਦੀ ਹੈ। ਇਸ ਦੀ ਵਰਤੋਂ ਪੰਜਾਬੀ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| **ਅਰੰਭਲੀ ਸਥਿਤੀ** | **ਵਿਚਕਾਰਲੀ ਸਥਿਤੀ** | **ਅਖੀਰਲੀ ਸਥਿਤੀ** |
|---|---|---|
| ਤਰ | ਸੱਤਾ | ਜਾਤ |
| ਤੁਰੰਤ | ਪੱਤਾ | ਸਤ |

/ਥ/: ਇਹ ਅਘੋਸ਼, ਦੰਤੀ, ਮਹਾਂ ਪ੍ਰਾਣ ਤੇ ਡੱਕਵਾਂ ਵਿਅੰਜਨ ਹੈ ਕਿਉਂਕਿ ਇਸਦੇ ਉਚਾਰਨ ਸਮੇਂ ਨਾਦ ਯੰਤਰ ਵਿੱਚ ਕੰਪਨ ਨਹੀਂ ਹੁੰਦੀ ਹੈ। ਜੀਭ ਦੰਦਾਂ ਨਾਲ ਜੁੜ ਕੇ ਪੌਣਧਾਰਾ ਵਿੱਚ ਪੂਰਨ ਰੋਕ ਪੈਦਾ ਕਰਦੀ ਹੈ। ਉਚਾਰਨ ਸਮੇਂ ਪੌਣਧਾਰਾ ਵੱਧ ਮਾਤਰਾ ਵਿਚ ਬਾਹਰ ਨਿਕਲਦੀ ਹੈ। ਇਸ ਦੀ ਵਰਤੋਂ ਪੰਜਾਬੀ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਥੋਕ | ਥੋਥਾ | ਰੱਥ |
| ਥੁੱਕ | ਸਥਾਨ | ਸੱਥ |

/ਦ/: ਇਹ ਸਘੋਸ਼, ਦੰਤੀ, ਅਲਪ ਪ੍ਰਾਣ ਤੇ ਡੱਕਵਾਂ ਵਿਅੰਜਨ ਹੈ ਕਿਉਂਕਿ ਇਸਦੇ ਉਚਾਰਨ ਸਮੇਂ ਨਾਦ ਯੰਤਰ ਵਿੱਚ ਕੰਪਨ ਹੁੰਦੀ ਹੈ ਅਤੇ ਜੀਭ ਦੰਦਾਂ ਨਾਲ ਜੁੜ ਕੇ ਪੂਰਨ ਰੋਕ ਪੈਦਾ ਕਰਦੀ ਹੈ ਅਤੇ ਫੇਫੜਿਆਂ ਵਿੱਚੋਂ ਆਉਣ ਵਾਲੀ ਪੌਣਧਾਰਾ ਘੱਟ ਮਾਤਰਾ ਵਿੱਚ ਬਾਹਰ ਨਿਕਲਦੀ ਹੈ। ਇਸ ਦੀ ਵਰਤੋਂ ਪੰਜਾਬੀ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਦਰਦ | ਸੱਦਾ | ਹਮਦਰਦ |
| ਦ਼ਾਗ਼ | ਗੰਦਾ | ਦਰਦ |

/ਟ/: ਇਹ ਸਘੋਸ਼, ਅਲਪ ਪ੍ਰਾਣ, ਉਲਟ ਜੀਭੀ ਤੇ ਡੱਕਵਾਂ ਵਿਅੰਜਨ ਹੈ ਕਿਉਂਕਿ ਇਸਦੇ ਉਚਾਰਨ ਸਮੇਂ ਨਾਦ ਯੰਤਰ ਵਿੱਚ ਕੰਪਨ ਨਹੀਂ ਹੁੰਦੀ ਹੈ। ਫੇਫੜਿਆਂ ਵਿੱਚੋਂ ਆਉਣ ਵਾਲੀ ਪੌਣਧਾਰਾ ਘੱਟ ਮਾਤਰਾ ਵਿੱਚ ਬਾਹਰ ਨਿਕਲਦੀ ਹੈ। ਇਸਦਾ ਉਚਾਰਨ ਸਮੇਂ ਜੀਭ ਦਾ ਅਗਲਾ ਹਿੱਸਾ ਉਲਟਾ ਹੋ ਕੇ ਸਖ਼ਤ ਤਾਲੂ ਨਾਲ ਲੱਗਦਾ ਹੈ ਤੇ ਪੂਰਨ ਰੋਕ ਪੈਦਾ ਹੁੰਦੀ ਹੈ। ਇਸ ਦੀ ਵਰਤੋਂ ਪੰਜਾਬੀ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| **ਅਰੰਭਲੀ ਸਥਿਤੀ** | **ਵਿਚਕਾਰਲੀ ਸਥਿਤੀ** | **ਅਖੀਰਲੀ ਸਥਿਤੀ** |
|---|---|---|
| ਟਮਾਟਰ | ਟਮਾਟਰ | ਖੋਟ |
| ਟੋਟਾ | ਸੋਟਾ | ਸੱਟ |

/ਠ/: ਇਹ ਅਘੋਸ਼, ਮਹਾਂ ਪ੍ਰਾਣ, ਉਲਟ ਜੀਭੀ ਤੇ ਡੱਕਵਾਂ ਵਿਅੰਜਨ ਹੈ ਕਿਉਂਕਿ ਇਸਦੇ ਉਚਾਰਨ ਸਮੇਂ ਨਾਦ ਯੰਤਰ ਵਿੱਚ ਕੰਪਨ ਨਹੀਂ ਹੁੰਦੀ। ਪੌਣਧਾਰਾ ਵੱਧ ਮਾਤਰਾ ਵਿੱਚ ਬਾਹਰ ਨਿਕਲਦੀ ਹੈ। ਇਸਦੇ ਉਚਾਰਨ ਸਮੇਂ ਜੀਭ ਦਾ ਅਗਲਾ ਹਿੱਸਾ ਉਲਟਾ ਹੋ ਕੇ ਸਖ਼ਤ ਤਾਲੂ ਨਾਲ ਜੁੜ ਕੇ ਫੇਫੜਿਆਂ ਵਿਚੋਂ ਬਾਹਰ ਨਿਕਲਦੀ ਪੌਣਧਾਰਾ ਵਿਚ ਪੂਰਨ ਰੋਕ ਪੈਦਾ ਹੁੰਦੀ ਹੈ। ਇਸਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿਚ ਹੁੰਦੀ ਹੈ:

| **ਅਰੰਭਲੀ ਸਥਿਤੀ** | **ਵਿਚਕਾਰਲੀ ਸਥਿਤੀ** | **ਅਖੀਰਲੀ ਸਥਿਤੀ** |
|---|---|---|
| ਠੇਲ੍ਹਾ | ਠੱਠਾ | ਇਕੱਠ |
| ਠਰ੍ਹੰਮਾ | ਕਠੋਰ | ਸੱਠ |

**/ਡ/:** ਇਹ ਸਘੋਸ਼, ਅਲਪ ਪ੍ਰਾਣ, ਉਲਟ ਜੀਭੀ ਤੇ ਡੱਕਵਾਂ ਵਿਅੰਜਨ ਹੈ ਕਿਉਂਕਿ ਇਸਦੇ ਉਚਾਰਨ ਸਮੇਂ ਨਾਦ ਯੰਤਰ ਵਿੱਚ ਕੰਪਨ ਹੁੰਦੀ ਹੈ। ਫੇਫੜਿਆਂ ਵਿੱਚੋਂ ਆਉਣ ਵਾਲੀ ਪੌਣਧਾਰਾ ਘੱਟ ਮਾਤਰਾ ਵਿੱਚ ਬਾਹਰ ਨਿਕਲਦੀ ਹੈ। ਇਸਦਾ ਉਚਾਰਨ ਸਮੇਂ ਜੀਭ ਦਾ ਅਗਲਾ ਹਿੱਸਾ ਉਲਟਾ ਹੋ ਕੇ ਸਖ਼ਤ ਤਾਲੂ ਨਾਲ ਲੱਗਦਾ ਹੈ ਤੇ ਪੂਰਨ ਰੋਕ ਪੈਦਾ ਹੁੰਦੀ ਹੈ। ਇਸ ਦੀ ਵਰਤੋਂ ਪੰਜਾਬੀ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਡਾਂਗ | ਕੰਡਾ | ਕਾਂਡ |
| ਡੰਡਾ | ਝੰਡਾ | ਕੰਡ |

/ਚ/: ਇਹ ਅਘੋਸ਼, ਅਲਪ ਪ੍ਰਾਣ, ਤਾਲਵੀ ਤੇ ਡੱਕਵਾਂ ਵਿਅੰਜਨ ਹੈ ਕਿਉਂਕਿ ਇਸਦੇ ਉਚਾਰਨ ਸਮੇਂ ਨਾਦ ਯੰਤਰ ਵਿੱਚ ਕੰਪਨ ਨਹੀਂ ਹੁੰਦੀ ਹੈ। ਪੌਣਧਾਰਾ ਘੱਟ ਮਾਤਰਾ ਵਿੱਚ ਬਾਹਰ ਨਿਕਲਦੀ ਹੈ। ਉਚਾਰਨ ਸਮੇਂ ਜੀਭ ਦਾ ਵਿਚਕਾਰਲਾ ਹਿੱਸਾ ਤਾਲੂ ਨਾਲ ਜੁੜ ਕੇ ਫੇਫੜਿਆਂ ਵਿਚੋਂ ਬਾਹਰ ਨਿਕਲਦੀ ਪੌਣਧਾਰਾ ਵਿਚ ਪੂਰਨ ਰੋਕ ਪਾਉਂਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
| --- | --- | --- |
| ਚਮਚ | ਕੱਚਾ | ਕੱਚ |
| ਚਰਖਾ | ਸੱਚਾ | ਸੱਚ |

/ਛ/: ਇਹ ਸਘੋਸ਼, ਮਹਾਂ ਪ੍ਰਾਣ, ਉਲਟ ਜੀਭੀ ਤੇ ਡੱਕਵਾਂ ਵਿਅੰਜਨ ਹੈ ਕਿਉਂਕਿ ਇਸਦੇ ਉਚਾਰਨ ਸਮੇਂ ਨਾਦਯੰਤਰ ਵਿੱਚ ਕੰਪਨ ਨਹੀਂ ਹੁੰਦੀ ਹੈ। ਫੇਫੜਿਆਂ ਵਿੱਚੋਂ ਆਉਣ ਵਾਲੀ ਪੌਣਧਾਰਾ ਵੱਧ ਮਾਤਰਾ ਵਿੱਚ ਬਾਹਰ ਨਿਕਲਦੀ ਹੈ। ਇਸਦਾ ਉਚਾਰਨ ਸਮੇਂ ਜੀਭ ਦਾ ਅਗਲਾ ਹਿੱਸਾ ਉਲਟਾ ਹੋ ਕੇ ਸਖ਼ਤ ਤਾਲੂ ਨਾਲ ਲੱਗ ਕੇ ਫੇਫੜਿਆਂ ਵਿਚੋਂ ਬਾਹਰ ਨਿਕਲਦੀ ਪੌਣਧਾਰਾ ਵਿਚ ਪੂਰਨ ਰੋਕ ਪਾਉਂਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਛੱਤਰੀ | ਕੜਛਾ | ਕੱਛ |
| ਛੱਤ | ਬਰਛਾ | ਰਿੱਛ |

**/ਜ/:** ਇਹ ਸਘੋਸ਼, ਅਲਪ ਪ੍ਰਾਣ, ਤਾਲਵੀ ਤੇ ਡੱਕਵਾਂ ਵਿਅੰਜਨ ਹੈ। ਇਸਦੇ ਉਚਾਰਨ ਵੇਲੇ ਨਾਦ ਯੰਤਰ ਵਿੱਚ ਕੰਬਾਹਟ ਹੁੰਦੀ ਹੈ। ਫੇਫੜਿਆਂ ਵਿੱਚੋਂ ਬਾਹਰ ਨਿਕਲਦੀ ਪੌਣਧਾਰਾ ਘੱਟ ਮਾਤਰਾ ਵਿੱਚ ਬਾਹਰ ਆਉਂਦੀ ਹੈ। ਉਚਾਰਨ ਦੌਰਾਨ ਜੀਭ ਦਾ ਵਿਚਕਾਰਲਾ ਹਿੱਸਾ ਤਾਲੂ ਨਾਲ ਜੁੜ ਕੇ ਫੇਫੜਿਆਂ ਵਿੱਚੋਂ ਬਾਹਰ ਨਿਕਲਦੀ ਪੌਣਧਾਰਾ ਵਿਚ ਪੂਰਨ ਰੋਕ ਪਾਉਂਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਜਗਤ | ਫੌਜੀ | ਦਾਜ |
| ਜਵਾਨ | ਨੌਜਵਾਨ | ਰੱਜ |

/ਕ/: ਇਹ ਅਘੋਸ਼, ਅਲਪ ਪ੍ਰਾਣ, ਕੋਮਲਤਾਲਵੀ (ਕੰਠੀ) ਤੇ ਡੱਕਵਾਂ ਵਿਅੰਜਨ ਹੈ। ਇਸਦੇ ਉਚਾਰਨ ਸਮੇਂ ਨਾਦਯੰਤਰ ਵਿੱਚ ਕੰਪਨ ਹੁੰਦੀ ਹੈ। ਫੇਫੜਿਆਂ ਵਿੱਚੋਂ ਬਾਹਰ ਨਿਕਲਣ ਵਾਲੀ ਪੌਣਧਾਰਾ ਘੱਟ ਮਾਤਰਾ ਵਿੱਚ ਬਾਹਰ ਨਿਕਲਦੀ ਹੈ। ਉਚਾਰਨ ਸਮੇਂ ਜੀਭ ਦਾ ਪਿਛਲਾ ਹਿੱਸਾ ਕੋਮਲ ਤਾਲੂ ਨਾਲ ਲੱਗ ਕੇ ਤੇ ਫੇਫੜਿਆਂ ਵਿਚੋਂ ਆਉਂਦੀ ਪੌਣਧਾਰਾ ਵਿਚ ਪੂਰਨ ਰੋਕ ਪਾਉਂਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿਚ ਹੁੰਦੀ ਹੈ:

| **ਅਰੰਭਲੀ ਸਥਿਤੀ** | **ਵਿਚਕਾਰਲੀ ਸਥਿਤੀ** | **ਅਖੀਰਲੀ ਸਥਿਤੀ** |
|---|---|---|
| ਕਣਕ | ਸਕਾ | ਰੜਕ |
| ਕਮਰਾ | ਪੱਕਾ | ਸੜਕ |

/ਖ/: ਇਹ ਅਘੋਸ਼, ਮਹਾਂ ਪ੍ਰਾਣ, ਕੋਮਲ ਤਾਲਵੀ ਤੇ ਡੱਕਵਾਂ ਵਿਅੰਜਨ ਹੈ। ਇਸਦੇ ਉਚਾਰਨ ਸਮੇਂ ਨਾਦਯੰਤਰ ਵਿੱਚ ਕੰਪਨ ਨਹੀਂ ਹੁੰਦੀ ਹੈ। ਫੇਫੜਿਆਂ ਵਿੱਚੋਂ ਬਾਹਰ ਨਿਕਲਣ ਵਾਲੀ ਪੌਣਧਾਰਾ ਵੱਧ ਮਾਤਰਾ ਵਿੱਚ ਬਾਹਰ ਨਿਕਲਦੀ ਹੈ। ਉਚਾਰਨ ਦੌਰਾਨ ਜੀਭ ਦਾ ਪਿਛਲਾ ਹਿੱਸਾ ਕੋਮਲ ਤਾਲੂ ਨਾਲ ਲੱਗ ਕੇ ਫੇਫੜਿਆਂ ਵਿਚੋਂ ਨਿਕਲਦੀ ਪੌਣਧਾਰਾ ਵਿਚ ਰੁਕਾਵਟ ਪਾਉਂਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਖੰਡਾ | ਪੱਖੀ | ਪੁਰਖ |
| ਖੰਡ | ਵੱਖੀ | ਮੂਰਖ |

/ਗ/: ਇਹ ਸਘੋਸ਼, ਅਲਪ ਪ੍ਰਾਣ, ਕੋਮਲ ਤਾਲਵੀ ਤੇ ਡੱਕਵਾਂ ਵਿਅੰਜਨ ਹੈ। ਇਸਦੇ ਉਚਾਰਨ ਸਮੇਂ ਨਾਦਯੰਤਰ ਵਿੱਚ ਕੰਪਨ ਹੁੰਦੀ ਹੈ। ਪੌਣਧਾਰਾ ਘੱਟ ਮਾਤਰਾ ਵਿੱਚ ਬਾਹਰ ਨਿਕਲਦੀ ਹੈ। ਉਚਾਰਨ ਸਮੇਂ ਜੀਭ ਦਾ ਪਿਛਲਾ ਹਿੱਸਾ ਕੋਮਲ ਤਾਲੂ ਨਾਲ ਜੁੜ ਕੇ ਫੇਫੜਿਆਂ ਵਿਚੋਂ ਬਾਹਰ ਨਿਕਲਦੀ ਪੌਣਧਾਰਾ ਵਿਚ ਪੂਰਨ ਰੋਕ ਪਾਉਂਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਗਮਲਾ | ਰਗੜ | ਰੰਗ |
| ਗਰਮ | ਸੰਗਲ | ਸੰਗ |

# ਅਡੱਕਵੇਂ ਵਿਅੰਜਨ

## (ੳ) ਨਾਸਕੀ ਵਿਅੰਜਨ

ਉਹ ਵਿਅੰਜਨ ਜਿਹਨਾਂ ਦੇ ਉਚਾਰਨ ਵੇਲੇ ਫੇਫੜਿਆਂ ਵਿੱਚੋਂ ਬਾਹਰ ਨਿਕਲਦੀ ਪੌਣਧਾਰਾ ਮੂੰਹ ਪੋਲ ਤੇ ਨੱਕ ਪੋਲ ਦੋਹਾਂ ਰਾਹੀਂ ਬਾਹਰ ਆਉਂਦੀ ਹੈ ਜਿਵੇਂ /ਮ/, /ਨ/, /ਣ/, /ਞ/, /ਙ/

| | **ਅਰੰਭਲੀ** | **ਵਿਚਕਾਰਲੀ** | **ਅਖੀਰਲੀ** |
|---|---|---|---|
| /ਮ/ | ਮਰਦ | ਚਮਚ | ਕਰਮ |
| | ਮਦਾਰੀ | ਮਮਤਾ | ਸ਼ਰਮ |
| /ਨ/ | ਨਰਮ | ਧੁਨੀ | ਕੰਨ |
| | ਨਮੂਨਾ | ਸੁੰਨੀ | ਮਨ |

| | | | |
|---|---|---|---|
| /ਣ/ | × | ਪਾਣੀ | ਪੌਣ |
| | × | ਕਣਕ | ਧੌਣ |
| /ਙ/ | × | ਤ੍ਰਿੰਙਣ | ਜੰਙ |
| | × | ਅੰਙਾਣਾ | ਉਂਙ |
| /ਞ/ | × | ਵੰਞਾਂ | ਲੰਞ |

# (ਅ) ਪਾਸਵਿਕ/ ਪਾਰਸ਼ਵਿਕ

ਪਾਸਵਿਕ/ ਪਾਰਸ਼ਵਿਕ ਵਿਅੰਜਨ ਉਹ ਵਿਅੰਜਨ ਹਨ ਜਿਹਨਾਂ ਦੇ ਉਚਾਰਨ ਵੇਲੇ ਜੀਭ ਦੀ ਨੋਕ ਦੰਦ ਪਠਾਰ ਨਾਲ ਜੁੜ ਕੇ ਫੇਫੜਿਆਂ ’ਚੋਂ ਬਾਹਰ ਨਿਕਲਦੀ ਪੌਣਧਾਰਾ ਵਿਚ ਰੁਕਾਵਟ ਪਾਉਂਦੀ ਹੈ ਤੇ ਪੌਣਧਾਰਾ ਜੀਭ ਦੇ ਦੋਹਾਂ ਪਾਸਿਆਂ ਤੋਂ ਬਾਹਰ ਨਿਕਲਦੀ ਹੈ ਜਿਵੇਂ: /ਲ/, /ਲ਼/

| | **ਅਰੰਭਲੀ** | **ਵਿਚਕਾਰਲੀ** | **ਅਖੀਰਲੀ** |
|---|---|---|---|
| /ਲ/ | ਲਾਲ | ਦਲਦਲ | ਦਲ |
| | ਲਾਭ | ਕਲਮ | ਕਮਲ |
| /ਲ਼/ | × | ਚਾਲ਼ੀ | ਬਾਲ਼ |
| | × | ਗੋਲ਼ੀ | ਦਲ਼ |

# (ੲ) ਕੰਬਵਾਂ ਵਿਅੰਜਨ

ਕੰਬਵਾਂ ਵਿਅੰਜਨ ਉਹ ਵਿਅੰਜਨ ਹੈ ਜਿਸ ਦੇ ਉਚਾਰਨ ਵੇਲੇ ਜੀਭ ਥਰਥਰਾਉਂਦੀ ਜਾਂ ਕੰਬਦੀ ਹੈ ਜਿਵੇਂ: / ਰ /

/ਰ/

| | | |
|---|---|---|
| ਰੱਬ | ਸ਼ਰਮ | ਮਟਰ |
| ਰਾਮ | ਗਰਮ | ਸਬਰ |

# (ਸ) ਫਟਕਵਾਂ

ਫਟਕਵਾਂ ਵਿਅੰਜਨ ਉਹ ਵਿਅੰਜਨ ਹੈ ਜਿਸ ਦੇ ਉਚਾਰਨ ਵੇਲੇ ਜੀਭ ਉਲਟੀ ਹੋ ਕੇ ਤਾਲੂ ਨੂੰ ਛੂਹ ਕੇ ਫਟਕ ਕੇ ਬਾਹਰ ਆਉਂਦੀ ਹੈ ਜਿਵੇਂ: /ੜ/

**/ੜ/**

| | | |
|---|---|---|
| × | ਸੜਕ | ਝਾੜ |
| × | ਰੜਕ | ਆਕੜ |

# (ਹ) ਸੰਘਰਸ਼ੀ

ਸੰਘਰਸ਼ੀ ਵਿਅੰਜਨ ਉਹ ਵਿਅੰਜਨ ਹਨ ਜਿਸ ਦੇ ਉਚਾਰਨ ਵੇਲੇ ਫੇਫੜਿਆਂ ਵਿਚੋਂ ਬਾਹਰ ਨਿਕਲਦੀ ਪੌਣਧਾਰਾ ਵੱਖ–ਵੱਖ ਉਚਾਰਨ ਅੰਗਾਂ ਨਾਲ ਸੰਘਰਸ਼ ਕਰਦੀ ਹੋਈ ਜਾਂ ਖਹਿ ਕੇ ਬਾਹਰ ਆਉਂਦੀ ਹੈ ਜਿਵੇਂ: / ਸ਼ /, / ਖ਼ /, / ਗ਼ /, /ਜ਼/, / ਫ਼ /, /ਸ/, / ਹ /

ਸੰਘਰਸ਼ੀ:

| | | | |
|---|---|---|---|
| /ਸ਼/ | ਸ਼ਰਮ | ਬੇਸ਼ਰਮ | ਨਿਰਾਸ਼ |
| | ਸ਼ਲਗਮ | ਲਸ਼ਕਰ | ਫ਼ਰਸ਼ |
| /ਖ਼/ | ਖ਼ਰਗੋਸ਼ | ਸਖ਼ਤ | ਬੱਤਖ਼ |
| | ਖ਼ਬਰ | ਬੁਖ਼ਾਰ | ਗੁਸਤਾਖ਼ |
| /ਗ਼/ | ਗ਼ਜ਼ਲ | ਮਗ਼ਰੂਰ | ਬਾਗ਼ |
| | ਗ਼ਲਤ | ਬਾਗ਼ੀ | ਦਾਗ਼ |
| /ਜ਼/ | ਜ਼ਖਮ | ਜਜ਼ਬਾ | ਜਹਾਜ਼ |
| | ਜ਼ਮੀਨ | ਬਜ਼ਾਰ | ਜ਼ਰਖ਼ੇਜ਼ |
| /ਫ਼/ | ਫ਼ਰਸ਼ | ਸਫ਼ਾਈ | ਸਾਫ਼ |
| | ਫ਼ੁਹਾਰਾ | ਸਫ਼ਰ | ਸਫ਼ |
| /ਸ/ | ਸੜਕ | ਕਸਰਤ | ਤਰਸ |
| | ਸਤ | ਸੁਸਤ | ਰਸ |
| /ਹ/ | ਹਾਜ਼ਰ | ਰਹਿਮ | ਰਾਹ |
| | ਹਰਾਮ | ਸਹਿਮ | ਜਾਹ |

# (ੳ) ਸਪਰਵਾਹ

ਸਪਰਵਾਹ ਵਿਅੰਜਨ ਉਹ ਵਿਅੰਜਨ ਹਨ ਜਿਨ੍ਹਾਂ ਦੇ ਉਚਾਰਨ ਵੇਲੇ ਫੇਫੜਿਆਂ ਵਿਚੋਂ ਬਾਹਰ ਆਉਂਦੀ ਪੌਣਧਾਰਾ ਵਿਚ ਨਾ ਪੂਰਨ ਰੋਕ ਹੁੰਦੀ ਹੈ ਅਤੇ ਨਾ ਹੀ ਬੇਰੋਕ ਟੋਕ ਬਾਹਰ ਨਿਕਲਦੀ ਹੈ ਜਿਵੇਂ: /ਯ/, /ਵ/। ਇਹਨਾਂ ਨੂੰ ਸਰਕਵੇਂ ਜਾਂ ਖਿਸਕਵੇਂ ਵਿਅੰਜਨ ਵੀ ਕਿਹਾ ਜਾਂਦਾ ਹੈ।

| | | | |
|---|---|---|---|
| **/ਯ/** | ਯਾਰ | ਸੰਯੋਗ | × |
| | ਯਾਦ | ਵਿਯੋਗ | × |
| **/ਵ/** | ਵਰਤ | ਦੇਵਤਾ | ਦੇਵ |
| | ਵਹਿੜੀ | ਦੇਵੀ | ਸੇਵ |

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਡੱਕਵੇਂ ਵਿਅੰਜਨ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਵਰਤੇ ਜਾਂਦੇ ਹਨ ਪਰੰਤੂ /ਣ/, /ਞ/, /ਙ/, /ਲ਼/, /ੜ/ ਵਿਅੰਜਨ ਅਰੰਭਲੀ ਸਥਿਤੀ ਸਥਿਤੀ ਵਿਚ ਨਹੀਂ ਵਰਤੇ ਜਾਂਦੇ ਹਨ। /ਯ/ ਅੰਤਲੀ ਸਥਿਤੀ ਵਿੱਚ ਨਹੀਂ ਵਰਤਿਆ ਜਾਂਦਾ।